**International Journal in Management and Social Science**
Volume 13 Issue 04, April 2025 ISSN: 2321-1784 Impact Factor: 8.088
Journal Homepage: http://ijmr.net.in, Email: irjmss@gmail.com
Double-Blind Peer Reviewed Refereed Open Access International Journal

# ਪੰਜਾਬੀ ਖੇਡ ਸਹਿਤ ਦੇ ਥੀਮਿਕ ਪਾਸਾਰ

ਡਾ. ਤਿਲਕ ਰਾਜ, ਅਸੋਸੀਏਟ ਪ੍ਰੋਫ਼ੈਸਰ,

ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ।

ਸਾਹਿਤਿਕ ਹਲਕਿਆਂ ਵਿੱਚ ਵਿਦਵਾਨਾਂ ਦੁਆਰਾ ਸਾਹਿਤ ਨੂੰ ਵੱਖ-ਵੱਖ ਸ਼੍ਰੇਣੀਆਂ ਅਤੇ ਕੋਟੀਆਂ ਵਿੱਚ ਵੰਡ ਕੇ ਉਸਦਾ ਅਧਿਐਨ ਕੀਤਾ ਜਾਣ ਲੱਗਾ ਹੈ। ਨਾਰੀਵਾਦੀ ਸਾਹਿਤ, ਦਲਿਤ ਚੇਤਨਾ ਦਾ ਸਾਹਿਤ, ਰਾਸ਼ਟਰਵਾਦੀ ਸਾਹਿਤ, ਬਾਲ ਸਾਹਿਤ ਅਤੇ ਪੰਜਾਬ ਸੰਕਟ ਨਾਲ ਸੰਬੰਧਿਤ ਸਾਹਿਤ ਆਦਿ ਦੀਆਂ ਸ਼੍ਰੇਣੀਆਂ ਪ੍ਰਮੁੱਖ ਰੂਪ ਵਿੱਚ ਉੱਭਰ ਕੇ ਸਾਹਮਣੇ ਆਈਆਂ ਹਨ। ਇਸ ਪ੍ਰਕਾਰ ਪੰਜਾਬੀ ਸਾਹਿਤ ਵਿੱਚ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਖੇਡ ਸਾਹਿਤ ਦੀ ਸ਼੍ਰੇਣੀ ਨੂੰ ਵੀ ਅਧਿਐਨ ਅਤੇ ਅਧਿਆਪਨ ਦੇ ਖੇਤਰ ਵਿੱਚ ਇੱਕ ਨਵੀਂ ਪਛਾਣ ਮਿਲੀ ਹੈ। ਪੰਜਾਬੀ ਖੇਡ ਸਾਹਿਤ ਦੇ ਵਿਸ਼ਿਆਂ ਅਤੇ ਸਰੋਕਾਰਾਂ ਦੀ ਗੱਲ ਕਰੀਏ ਤਾਂ ਇਸ ਦਾ ਵਿਸ਼ਾ ਖੇਤਰ ਪੰਜਾਬ ਦੀਆਂ ਪਰੰਪਰਕ ਪੇਂਡੂ ਖੇਡਾਂ ਤੋਂ ਲੈ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਖੇਡਾਂ ਦੇ ਨਾਲ ਸੰਬੰਧਿਤ ਹੁੰਦਿਆਂ ਹੋਇਆਂ ਇਸ ਨਾਲ ਸਬੰਧਤ ਵਿਭਿੰਨ ਪਹਿਲੂਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਪੰਜਾਬੀ ਖੇਡ ਸਾਹਿਤ ਦੀਆਂ ਵੰਨਗੀਆਂ ਬਾਰੇ ਗੱਲ ਕਰੀਏ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਵਧੇਰੇ ਕਰਕੇ ਵਾਰਤਕ ਅਤੇ ਕਹਾਣੀ ਦੇ ਰੂਪ ਵਿੱਚ ਹੀ ਮਿਲਦਾ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰਾਸ਼ਟਰ ਦੀ ਅਗਵਾਈ ਕਰਕੇ ਨਾਮ ਖੱਟਣ ਵਾਲੇ ਖਿਡਾਰੀਆਂ ਦੀ ਜੀਵਨੀ ਅਤੇ ਸਵੈਜੀਵਨੀ ਪਾਠਕਾਂ, ਨੌਜਵਾਨਾਂ ਅਤੇ ਸਮਾਜ ਲਈ ਪ੍ਰੇਰਨਾਮਈ ਸਾਹਿਤ ਰੂਪ ਬਣਦੀ ਵੇਖੀ ਜਾ ਸਕਦੀ। ਖੇਡ ਸਹਿਤ ਨਾਲ ਸੰਬੰਧਿਤ ਕਾਵਿ ਰੂਪ ਜ਼ਿਆਦਾ ਮਾਤਰਾ ਵਿੱਚ ਪ੍ਰਾਪਤ ਨਹੀਂ ਹੁੰਦਾ।

ਹੁਣ ਤੱਕ ਪੰਜਾਬੀ ਵਿੱਚ ਜਿੰਨਾਂ ਖੇਡ ਸਾਹਿਤ ਲਿਖਿਆ ਗਿਆ ਹੈ, ਉਸ ਦਾ ਵਿਸ਼ਾ ਖੇਡਾਂ ਨਾਲ ਸੰਬੰਧਿਤ ਹੋਣ ਦੇ ਨਾਲ ਨਾਲ ਸਮਾਜ ਵਿੱਚ ਖੇਡਾਂ ਦੇ ਮਹੱਤਵ ਬਾਰੇ ਵੀ ਚਾਨਣਾ ਪਾਉਂਦਾ ਹੈ। ਖੇਡ ਸਾਹਿਤ ਦੇ ਸਰੋਕਾਰਾਂ ਅਤੇ ਵਿਸ਼ਿਆਂ ਬਾਰੇ ਜੇਕਰ ਗੱਲ ਕਰੀਏ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਖੇਡ ਸਾਹਿਤ ਪਾਠਕਾਂ ਨੂੰ ਪੰਜਾਬ ਦੀਆਂ ਪਰੰਪਰਕ ਪੇਂਡੂ ਖੇਡਾਂ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਸਮਾਜ ਅਤੇ ਜੀਵਨ ਦੇ ਵਿਕਾਸ ਵਿੱਚ ਇਹਨਾਂ ਖੇਡਾਂ ਦੇ ਮਹੱਤਵ ਅਤੇ ਜਰੂਰਤ ਬਾਰੇ ਵੀ ਵਿਸ਼ਾਲ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹਨਾਂ ਪਰੰਪਰਕ ਪੇਂਡੂ ਖੇਡਾਂ ਵਿੱਚੋਂ ਹੀ ਬਹੁਤ ਸਾਰੇ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਖੇਡਾਂ ਤੱਕ ਪਹੁੰਚ ਕੇ ਕਿਸ ਪ੍ਰਕਾਰ ਦੇਸ਼ ਅਤੇ ਸਮਾਜ ਦਾ ਨਾਮ ਰੋਸ਼ਨ ਕਰਦੇ ਹਨ, ਖੇਡ ਸਾਹਿਤ ਤੋਂ ਸਾਨੂੰ ਇਹ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਪੰਜਾਬੀ ਖੇਡ ਸਾਹਿਤ ਨੂੰ ਵਿਭਿੰਨ ਪਹਿਲੂਆਂ ਤੋਂ ਜਦੋਂ ਅਸੀਂ ਅਧਿਐਨ ਕਰਦੇ ਹਾਂ ਤਾਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਮੱਲਾਂ ਮਾਰਨ ਵਾਲੇ ਖਿਡਾਰੀ ਜੋ ਹਸਤੀ ਰੱਖਦੇ ਹਨ ਉਨ੍ਹਾਂ ਨੂੰ

ਉਹ ਰੁਤਬਾ ਅਤੇ ਹਸਤੀ ਰਾਤੋ-ਰਾਤ ਜਾਂ ਕੁਝ ਦਿਨਾਂ ਵਿੱਚ ਹੀ ਪ੍ਰਾਪਤ ਨਹੀਂ ਹੁੰਦੀ ਬਲਕਿ ਇਥੋਂ ਤੱਕ ਪਹੁੰਚਣ ਲਈ ਉਹਨਾਂ ਨੂੰ ਇੱਕ ਲੰਮੀ ਜੱਦੋ ਜਹਿਦ ਅਤੇ ਕਈ ਪ੍ਰਕਾਰ ਦੀ ਮੁਸ਼ੱਕਤ ਕਰਨੀ ਪੈਂਦੀ ਹੈ। ਬਹੁਤ ਸਾਰੇ ਖਿਡਾਰੀ ਜੀਵਨ ਵਿੱਚ ਗਰੀਬੀ, ਆਰਥਿਕ ਮੰਦਹਾਲੀ ਅਤੇ ਜੀਵਨ ਦੀਆਂ ਕਈ ਤੰਗੀਆਂ ਤੁਰਸ਼ੀਆਂ ਨਾਲ ਜੱਦੋ ਜਹਿਦ ਕਰਦੇ ਹੋਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਵੀ ਨਾਮਣਾ ਖੱਟਦੇ ਹਨ। ਖੇਡ ਸਹਿਤ ਦੁਆਰਾ ਪਾਠਕਾਂ ਨੂੰ ਅਤੇ ਸਮਾਜ ਨੂੰ ਕੇਵਲ ਖਿਡਾਰੀ ਦੀ ਜੀਵਨ ਵਿੱਚ ਕੀਤੀ ਗਈ ਜੱਦੋ ਜਹਿਦ ਅਤੇ ਮੁਸ਼ੱਕਤ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ ਬਲਕਿ ਇਸ ਦੇ ਨਾਲ ਨਾਲ ਖਿਡਾਰੀਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਵੀ ਸੇਧ ਦੇਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਅਜੋਕੇ ਸੰਚਾਰ ਅਤੇ ਟੈਕਨੋਲੋਜੀ ਦੇ ਸਮੇਂ ਵਿੱਚ ਖੇਡ ਸਹਿਤ ਦੇ ਇਹ ਸਰੋਕਾਰ ਹੋਰ ਵੀ ਪ੍ਰਸੰਗਿਕ ਹੋ ਜਾਂਦੇ ਹਨ, ਕਿਉਂਕਿ ਨੌਜਵਾਨ ਪੀੜ੍ਹੀ ਲਈ ਇਹ ਸਾਹਿਤ ਪ੍ਰੇਰਨਾਦਾਇਕ ਹੋ ਨਿਬੜਦਾ ਹੈ। ਅਜੋਕੇ ਸਮਾਜ ਵਿੱਚ ਵਧ ਰਹੇ ਨਸ਼ਿਆਂ ਅਤੇ ਅਨੈਤਿਕ ਕਾਰਜਾਂ ਵੱਲੋਂ ਮੂੰਹ ਮੋੜ ਕੇ ਜੀਵਨ ਨੂੰ ਸਾਰਥਕ ਬਣਾਉਣ ਵਿੱਚ ਨੌਜਵਾਨਾਂ ਲਈ ਖੇਡ ਸਾਹਿਤ ਦੀ ਅਹਿਮ ਭੂਮਿਕਾ ਵਿਚਾਰੀ ਜਾ ਸਕਦੀ। ਇੱਕ ਨਰੋਏ ਅਤੇ ਸਿਹਤਮੰਦ ਸਮਾਜ ਲਈ ਖੇਡ ਸਹਿਤ ਦੀ ਵਿਸ਼ੇਗਤ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਖਿਡਾਰੀਆਂ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਜੱਦੋ-ਜਹਿਦ ਦੀ ਗੱਲ ਕਰੀਏ ਤਾਂ ਪ੍ਰਿੰਸੀਪਲ ਸਰਵਨ ਸਿੰਘ ਦੀ ਪੁਸਤਕ ‘ਉੱਡਣਾ ਸਿੱਖ ਮਿਲਖਾ ਸਿੰਘ’ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਮਿਲਖਾ ਸਿੰਘ ਦੀ ਇਸ ਜੀਵਨੀ ਦੁਆਰਾ ਜਿਸ ਪ੍ਰਕਾਰ ਮਿਲਖਾ ਸਿੰਘ ਦੇ ਅਤੀਤ ਦੇ ਜੀਵਨ ਨੂੰ ਦੁਸ਼ਵਾਰੀਆਂ ਭਰਿਆ ਦੱਸਿਆ ਹੈ, ਅਤੇ ਜਿਸ ਪ੍ਰਕਾਰ ਉਹ ਇਹਨਾਂ ਦੁਸ਼ਵਾਰੀਆਂ ਅਤੇ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਵੀ ਜ਼ਿੰਦਗੀ ਵਿੱਚ ਅੱਗੇ ਵਧ ਕੇ ਅੰਤਰਰਾਸ਼ਟਰੀ ਪੱਧਰ ’ਤੇ ਇੱਕ ਦੌੜਾਕ ਵਜੋਂ ਆਪਣੀ ਪਛਾਣ ਬਣਾਉਂਦਾ ਹੈ ਉਹ ਅੱਜ ਦੀ ਨੌਜਵਾਨ ਪੀੜ੍ਹੀ ਲਈ ਬਹੁਤ ਹੀ ਪ੍ਰੇਰਨਾਦਾਇਕ ਹੋ ਨਿਬੜਦਾ ਹੈ। ਖੇਡ ਸਾਹਿਤ ਨਾਲ ਸੰਬੰਧਿਤ ਸਾਹਿਤਕਾਰਾਂ ਨੇ ਖਿਡਾਰੀਆਂ ਦੇ ਜੀਵਨ ਨਾਲ ਸੰਬੰਧਿਤ ਅਜਿਹੀਆਂ ਤੰਗੀਆਂ ਤੁਰਸ਼ੀਆਂ ਅਤੇ ਜੱਦੋ ਜਹਿਦ ਨੂੰ ਆਪਣੀਆਂ-ਆਪਣੀਆਂ ਲਿਖਤਾਂ ਵਿੱਚ ਆਪਣੇ-ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਅਜਿਹਾ ਸਾਹਿਤ ਨੌਜਵਾਨ ਪਾਠਕਾਂ ਨੂੰ ਮਾਨਸਿਕ ਰੂਪ ਵਿੱਚ ਝੰਜੋੜਦਾ ਵੀ ਹੈ ਅਤੇ ਇੱਕ ਨਵਾਂ ਹੁਲਾਰਾ ਵੀ ਦਿੰਦਾ ਹੈ ਕਿ ਜੇਕਰ ਇਹ ਖਿਡਾਰੀ ਤੰਗੀਆਂ ਤੁਰਸ਼ੀਆਂ ਨਾਲ ਜੂਝਦੇ ਹੋਏ ਉੱਚ ਪਾਏ ਦੇ ਮੁਕਾਮ ਹਾਸਲ ਕਰ ਸਕਦੇ ਹਨ ਤਾਂ ਅਜੋਕੇ ਸਮੇਂ ਵਿੱਚ ਵੀ ਨੌਜਵਾਨ ਆਪਣੇ ਦੁਆਲੇ ਪਸਰੀਆਂ ਕਈ ਅਲਾਮਤਾਂ ਉੱਪਰ ਜਿੱਤ ਪ੍ਰਾਪਤ ਕਰਕੇ ਅਤੇ ਜੀਵਨ ਵਿੱਚ ਸੰਘਰਸ਼ ਕਰਕੇ ਕੋਈ ਚੰਗਾ ਮੁਕਾਮ ਹਾਸਿਲ ਕਰ ਸਕਦੇ ਹਨ। ਪੰਜਾਬੀ ਖੇਡ ਸਾਹਿਤ ਦਾ ਇਹ ਮਹੱਤਵਪੂਰਨ ਸਰੋਕਾਰ ਵੀ ਹੈ ਅਤੇ ਵਿਸ਼ਾ ਵੀ ਜੋ ਖੇਡ ਸਾਹਿਤ ਦਾ ਥੀਮ ਬਣ ਕੇ ਆਰ ਪਾਰ ਫੈਲਿਆ ਦੇਖਿਆ ਜਾ ਸਕਦਾ ਹੈ। ਨੌਜਵਾਨ ਵਰਗ ਲਈ ਇੱਕ ਨਵੀਂ ਵੰਗਾਰ ਪੇਸ਼ ਕਰਕੇ ਆਪਣਾ ਸੁਨਹਿਰੀ ਭਵਿੱਖ ਸਿਰਜਨ ਦਾ ਸੰਦੇਸ਼ ਦੇਣਾ ਪੰਜਾਬੀ ਖੇਡ ਸਾਹਿਤ ਦਾ ਅਹਿਮ ਵਿਸ਼ਾ ਮੰਨਿਆ ਜਾ ਸਕਦਾ ਹੈ।

ਇਸ ਦੇ ਨਾਲ ਨਾਲ ਇਹ ਗੱਲ ਵੀ ਅਹਿਮੀਅਤ ਰੱਖਦੀ ਹੈ ਕਿ ਪੰਜਾਬੀ ਖੇਡ ਸਾਹਿਤ ਦੇ ਵਿਸ਼ਿਆਂ ਵਿੱਚ ਇੱਕ ਇਹ ਵਿਸ਼ਾ ਵੀ ਮਹੱਤਵਪੂਰਨ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਾਡੇ ਸਮਾਜ ਅਤੇ ਪਿੰਡਾਂ ਵਿੱਚ ਹੋਰ ਵੀ ਕਈ ਪ੍ਰਤਿਭਾਸ਼ਾਲੀ ਨੌਜਵਾਨ ਹਨ ਜੋ ਵੱਖ-ਵੱਖ ਖੇਡਾਂ ਦੇ ਖੇਤਰ ਵਿੱਚ ਮੁਹਾਰਤ ਰੱਖਦੇ ਹਨ। ਇਹਨਾਂ ਨੌਜਵਾਨਾਂ ਵਿੱਚੋਂ ਜਿੱਥੇ ਕੁਝ ਇੱਕ ਨੌਜਵਾਨਾਂ ਨੂੰ ਮੌਕਾ ਮਿਲਣ ’ਤੇ ਉਹ ਆਪਣੇ ਆਪ ਨੂੰ ਸਾਬਿਤ ਕਰ ਲੈਂਦੇ ਹਨ, ਉੱਥੇ ਕਈ ਨੌਜਵਾਨ ਅਜਿਹੇ ਵੀ ਹਨ ਜਿਨਾਂ ਨੂੰ ਮੌਕਾ ਹੀ ਨਹੀਂ ਮਿਲਦਾ ਜਾਂ ਫਿਰ ਉਹ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਕਾਰਨ ਉਹਨਾਂ ਦੇ ਜੀਵਨ ਵਿੱਚ ਕਿਸੇ ਮੰਜ਼ਿਲ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਖੜੋਤ ਆ ਜਾਂਦੀ ਹੈ। ਸਮਾਜ ਵਿੱਚ ਨੌਜਵਾਨਾਂ ਦੇ ਜੀਵਨ ਦੇ ਇਸ ਪੱਖ ਨੂੰ ਵੀ ਸਾਹਿਤਕਾਰਾਂ ਨੇ ਖੇਡ ਸਾਹਿਤ ਦਾ ਸਰੋਕਾਰ ਅਤੇ ਵਿਸ਼ਾ ਬਣਾ ਕੇ ਪੇਸ਼ ਕੀਤਾ ਹੈ। ਸਾਡੀਆਂ ਪੇਂਡੂ ਪਰੰਪਰਕ ਖੇਡਾਂ ਕੇਵਲ ਖੇਡਾਂ ਜਾਂ ਮਨੋਰੰਜਨ ਦਾ ਸਾਧਨ ਹੀ ਨਹੀਂ ਹਨ ਇਹ ਸਮਾਜ ਅਤੇ ਭਾਈਚਾਰੇ ਨੂੰ ਜੋੜਨ ਦਾ ਕਾਰਜ ਵੀ ਕਰਦੀਆਂ ਹਨ। ਕਿਸ ਪ੍ਰਕਾਰ ਪਿੰਡ ਦੇ ਇੱਕ ਖਿਡਾਰੀ ਦੀ ਜਿੱਤ ਅਤੇ ਹਾਰ ਪੂਰੇ ਭਾਈਚਾਰੇ ਅਤੇ ਪਿੰਡ ਦੀ ਹੀ ਜਿੱਤ ਹਾਰ ਮੰਨੀ ਜਾਂਦੀ ਹੈ, ਇਹ ਸਾਡੀ ਭਾਈਚਾਰਕ ਸਾਂਝ ਨੂੰ ਦਰਸਾਉਣ ਵਾਲਾ ਪਹਿਲੂ ਹੈ, ਜੋ ਖੇਡ ਸਾਹਿਤ ਦਾ ਇੱਕ ਅਹਿਮ ਸਰੋਕਾਰ ਕਿਹਾ ਜਾ ਸਕਦਾ ਹੈ। ਇਹ ਸਥਿਤੀ ਕੇਵਲ ਇੱਕ ਪਿੰਡ ਜਾਂ ਭਾਈਚਾਰੇ ਤੱਕ ਹੀ ਸੀਮਿਤ ਨਹੀਂ ਰਹਿੰਦੀ ਬਲਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਖਿਡਾਰੀਆਂ ਦੁਆਰਾ ਮਾਰੀਆਂ ਗਈਆਂ ਮੱਲਾਂ ਪੂਰੇ ਰਾਸ਼ਟਰ ਲਈ ਮਾਣ ਵਾਲੀ ਗੱਲ ਬਣ ਜਾਂਦੀ ਹੈ। ਇਸ ਪ੍ਰਕਾਰ ਇਹ ਖਿਡਾਰੀ ਅਤੇ ਖੇਡਾਂ ਰਾਸ਼ਟਰ ਨੂੰ ਇੱਕ ਸੂਤਰ ਵਿੱਚ ਪ੍ਰੋਣ ਦਾ ਕਾਰਜ ਵੀ ਕਰਦੇ ਹਨ। ਇਹ ਰਾਸ਼ਟਰਵਾਦੀ ਭਾਵਨਾ ਨੂੰ ਪੇਸ਼ ਕਰਨਾ ਵੀ ਖੇਡ ਸਾਹਿਤ ਦਾ ਅਹਿਮ ਸਰੋਕਾਰ ਕਿਹਾ ਜਾ ਸਕਦਾ ਹੈ। ਰਾਸ਼ਟਰ, ਸਮਾਜ ਅਤੇ ਦੇਸ਼ ਹਿੱਤ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਖੇਡ ਸਾਹਿਤ ਦਾ ਇੱਕ ਅਹਿਮ ਸਰੋਕਾਰ ਕਿਹਾ ਜਾ ਸਕਦਾ ਹੈ। ਵੈਸੇ ਤਾਂ ਹਰ ਸਾਹਿਤਕਾਰ ਅਤੇ ਸਾਹਿਤ ਦਾ ਉਦੇਸ਼ ਇੱਕ ਨਰੋਏ ਸਮਾਜ ਦੀ ਸਿਰਜਣਾ ਕਰਨਾ ਹੁੰਦਾ ਹੈ, ਪਰ ਜਦੋਂ ਅਸੀਂ ਸਾਹਿਤ ਦੇ ਪੰਜਾਬੀ ਖੇਡ ਸਾਹਿਤ ਵਰਗ ਦੀ ਗੱਲ ਕਰਦੇ ਹਾਂ ਤਾਂ ਇਹ ਨਰੋਏ ਸਮਾਜ ਦੇ ਨਾਲ ਨਾਲ ਨੌਜਵਾਨਾਂ ਲਈ ਪ੍ਰੇਰਨਾਦਾਇਕ ਬਣ ਕੇ ਇੱਕ ਸਿਹਤਮੰਦ ਸਮਾਜ ਸਿਰਜਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਪ੍ਰਤੀਤ ਹੁੰਦਾ ਹੈ। ਖੇਡ ਸਾਹਿਤ ਦੇ ਸਰੋਕਾਰਾਂ ਨੂੰ ਵੇਖਦਿਆਂ ਹੋਇਆਂ ਇਹ ਯਕੀਨ ਹੋ ਜਾਂਦਾ ਹੈ ਕਿ ਭਵਿੱਖ ਵਿੱਚ ਪੰਜਾਬੀ ਖੇਡ ਸਾਹਿਤ ਦੇ ਹੋਰ ਵੀ ਪ੍ਰਫੁੱਲਤ ਹੋਣ ਦੀਆਂ ਸੰਭਾਵਨਾਵਾਂ ਬਰਕਰਾਰ ਹਨ।

ਇਸ ਉਪਰੋਕਤ ਚਰਚਾ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਖੇਡ ਸਾਹਿਤ ਖੇਡਾਂ ਖਿਡਾਰੀਆਂ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਨਾਮ ਖੱਟਣ ਤੱਕ ਦੇ ਖਿਡਾਰੀਆਂ ਦੇ ਜੀਵਨ ਸਫ਼ਰ ਨੂੰ ਪਾਠਕਾਂ ਨਾਲ ਸਾਹਿਤਕ ਰੂਪ ਵਿੱਚ ਸਾਂਝਾ ਕਰਦਾ ਹੈ। ਨੌਜਵਾਨ ਪੀੜ੍ਹੀ ਅਤੇ ਸਮਾਜ ਲਈ ਪ੍ਰੇਰਨਾਦਾਇਕ ਬਣ ਕੇ ਪੰਜਾਬੀ ਖੇਡ ਸਾਹਿਤ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕੇਵਲ ਪੰਜਾਬ ਦੀਆਂ ਹੱਦਾਂ ਤੱਕ ਹੀ ਨਹੀਂ ਬਲਕਿ ਰਾਸ਼ਟਰੀ ਪੱਧਰ ’ਤੇ ਭਾਰਤੀ ਖੇਡ ਸਭਿਆਚਾਰ ਨੂੰ ਇੱਕ ਨਵਾਂ ਹੁਲਾਰਾ ਦੇਣ ਲਈ ਪੰਜਾਬੀ ਖੇਡ ਸਾਹਿਤ ਦੀ ਅਹਿਮ ਭੂਮਿਕਾ ਸਮਝੀ ਜਾ

**International Journal in Management and Social Science**
Volume 13 Issue 04, April 2025 ISSN: 2321-1784 Impact Factor: 8.088
Journal Homepage: http://ijmr.net.in, Email: irjmss@gmail.com
Double-Blind Peer Reviewed Refereed Open Access International Journal

ਸਕਦੀ ਹੈ। ਇਸ ਦੇ ਵਿਸ਼ੇ ਅਤੇ ਸਰੋਕਾਰ ਖੇਡਾਂ ਨਾਲ ਸੰਬੰਧਿਤ ਹੋਣ ਦੇ ਨਾਲ ਨਾਲ ਸਮਾਜ ਦੇ ਹੋਰਨਾ ਪੱਖਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦੇ ਹਨ।